Australian Government
Department of Social Services



# ਘਰੇਲੂ ਅਤੇ ਪਰਿਵਾਰਿਕ ਹਿੰਸਾ

## ਘਰੇਲੂ ਅਤੇ ਪਰਿਵਾਰਿਕ ਹਿੰਸਾ ਲਈ ਔਸਟਰੇਲਿਆ ਵਿੱਚ ਸਵੀਕਾਰ ਨਹੀਂ ਕੀਤਾ ਜਾਂਦਾ।

ਘਰੇਲੂ ਅਤੇ ਪਰਿਵਾਰਿਕ ਹਿੰਸਾ ਕਨੂੰਨ ਦੇ ਵਿਰੁੱਧ ਕੀਤੇ ਗਏ ਅਪਰਾਧ ਹਨ।

ਕੋਈ ਵਿਅਕਤੀ ਜੇ ਇਸ ਤਰ੍ਹਾਂ ਦੇ ਅਪਰਾਧ ਕਰਦਾ ਹੈ, ਤਾਂ ਉਹ ਜੇਲ੍ਹ ਜਾ ਸਕਦਾ ਹੈ, ਭਾਵੇਂ ਉਹ ਔਰਤ ਹੈ ਜਾਂ ਮਰਦ।

ਜੇਕਰ ਤੁਸੀਂ ਜਾਂ ਕੋਈ ਐਸਾ ਵਿਅਕਤੀ ਜਿਸ ਨੂੰ ਤੁਸੀਂ ਜਾਣਦੇ ਹੋ ਖਤਰੇ ਵਿੱਚ ਹੈ, ਤਾਂ ਪੁਲਿਸ ਨੂੰ **000** 'ਤੇ ਸੰਪਰਕ ਕਰੋ।
ਔਸਟਰੇਲਿਆ ਵਿੱਚ ਪੁਲਿਸ ਤੁਹਾਡੀ ਰਖਵਾਲੀ ਕਰਦੀ ਹੈ ਅਤੇ ਤੁਸੀਂ ਉਹਨਾਂ ਤੇ ਵਿਸ਼ਵਾਸ ਕਰ ਸਕਦੇ ਹੋ।

ਮੁਫ਼ਤ ਵਿੱਚ ਅਤੇ ਗੁਪਤ ਤੌਰ ਤੇ ਸਲਾਹ-ਸਹਿਯੋਗ ਅਤੇ ਜਾਣਕਾਰੀ ਲੈਣ ਦੇ ਲਈ 1800 RESPECT ਨੂੰ **1800 737 732** ਤੇ ਸੰਪਰਕ ਕਰੋ।

ਮੁਫ਼ਤ ਵਿੱਚ ਦੁਭਾਸ਼ਿਏ (interpreter) ਰਾਹੀਂ ਗੱਲ ਕਰਣ ਲਈ **131 450** ਤੇ ਸੰਪਰਕ ਕਰੋ।

## ਔਸਟਰੇਲਿਅਨ ਸਰਕਾਰ (Australian Government) ਕਿਸੀ ਵੀ ਹਾਲਾਤ ਵਿੱਚ ਘਰੇਲੂ ਅਤੇ ਪਰਿਵਾਰਿਕ ਹਿੰਸਾ ਨੂੰ ਬਰਦਾਸ਼ਤ ਨਹੀਂ ਕਰਦੀ।

ਘਰੇਲੂ ਅਤੇ ਪਰਿਵਾਰਿਕ ਹਿੰਸਾ ਵਿੱਚ ਉਸ ਵਿਵਹਾਰ ਜਾਂ ਡਰਾਉਣ ਧਮਕਾਉਣ ਨੂੰ ਸ਼ਾਮਲ ਕੀਤਾ ਜਾਂਦਾ ਹੈ ਜਿਸ ਦਾ ਮਕਸਦ ਆਪਣੇ ਮਰਦ ਜਾਂ ਔਰਤ ਜੋੜੀਦਾਰ ਜਾਂ ਸਾਥੀ ਨੂੰ ਡਰਾ ਧਮਕਾ ਕੇ ਵੱਸ ਵਿੱਚ ਰੱਖਣਾ ਜਾਂ ਫਿਰ ਉਹਨਾਂ ਦੀ ਸੁਰੱਖਿਆ ਨੂੰ ਖਤਰੇ ਵਿੱਚ ਪਾਉਣਾ ਹੋਵੇ। ਹੇਠ ਲਿਖੇ ਵਰਤਾਵੇ ਘਰੇਲੂ ਅਤੇ ਪਰਿਵਾਰਿਕ ਹਿੰਸਾ ਵਿੱਚ ਸ਼ਾਮਿਲ ਕੀਤੇ ਜਾਂਦੇ ਹਨ:

- ਕੁੱਟਣਾ;
- ਸਾਹ ਘੁੱਟਣਾ;
- ਜ਼ਰੂਰੀ ਚੀਜ਼ਾਂ ਲਈ ਆਪਣੇ ਸਾਥੀ ਜਾਂ ਪਰਿਵਾਰ ਨੂੰ ਪੈਸੇ ਤੋਂ ਮੋਹਤਾਜ ਰਖਣਾ;
- ਆਪਣੇ ਸਾਥੀ ਨੂੰ ਪਰਿਵਾਰ ਜਾਂ ਦੋਸਤਾਂ ਤੋਂ ਵਖਰੇ ਕਰਨਾ
- ਆਪਣੇ ਸਾਥੀ ਦੀ ਬਾਰ ਬਾਰ ਅਲੋਚਨਾ ਜਾਂ ਬੇਇੱਜ਼ਤੀ ਕਰਨਾ; ਅਤੇ
- ਬੱਚਿਆਂ ਜਾਂ ਪਾਲਤੂ ਜਾਨਵਰਾਂ ਨੂੰ ਡਰਾਉਣਾ।

## ਔਰਤਾਂ ਅਤੇ ਮਰਦਾਂ ਦੇ ਹੱਕ ਇੱਕ ਸਮਾਨ ਹਨ।

ਔਸਟਰੇਲਿਆ ਦੇ ਕਨੂੰਨਾਂ ਵਿੱਚ ਔਰਤਾਂ ਅਤੇ ਮਰਦਾਂ ਨਾਲ ਇੱਕੋ ਜਿਹਾ ਵਿਵਹਾਰ ਕੀਤਾ ਜਾਂਦਾ ਹੈ।

ਹਰ ਕਿਸੇ ਨੂੰ ਹਿੰਸਾ ਮੁਕਤ, ਖੁਸ਼ਹਾਲ ਰਿਸ਼ਤੇ ਵਿੱਚ ਅਤੇ ਸਮਾਜ ਵਿੱਚ ਰਹਿਣ ਦਾ ਹੱਕ ਹੈ।

ਔਰਤਾਂ ਨੂੰ ਬੁਰਾ ਵਿਵਹਾਰ ਜਾਂ ਸੱਟ ਸਹਿਣਾ ਸਵੀਕਾਰ ਕਰਨ ਦੀ ਲੋੜ ਨਹੀਂ।

## ਔਸਟਰੇਲਿਆ ਵਿੱਚ ਸਭਿਆਚਾਰ ਸੰਬੰਧੀ ਸੰਵੇਦਨਸ਼ੀਲ ਮਸਲਿਆਂ ਦੀਆਂ ਜਾਣੂ ਸੇਵਾਵਾਂ ਹਨ ਜੋ ਕਿ ਮਦਦ ਕਰ ਸਕਦੀਆਂ ਹਨ।

1800 RESPECT ਔਸਟਰੇਲਿਆ ਦੀ ਰਾਸ਼ਟਰੀ ਯੌਨ ਉਤਪੀੜਨ, ਪਰਿਵਾਰਕ ਅਤੇ ਘਰੇਲੂ ਹਿੰਸਾ ਦੀ ਸਲਾਹ ਸਹਿਯੋਗ ਸੇਵਾ (Australia's National Sexual Assault, Family and Domestic Violence Counselling service)ਹੈ। ਇਹ ਸੇਵਾ ਗੁਪਤ ਤੌਰ 'ਤੇ ਫੋਨ ਰਾਹੀਂ ਜਾਂ ਆਨਲਾਇਨ, ਜਾਣਕਾਰੀ ਅਤੇ ਸਲਾਹ ਸਹਿਯੋਗ ਮੁਫ਼ਤ ਵਿੱਚ ਪ੍ਰਦਾਨ ਕਰਾਉਂਦੀ ਹੈ। ਸਲਾਹ ਸਹਿਯੋਗੀ ਤੁਹਾਡੀ ਗੱਲ ਸੁਣਨਗੇ, ਤੁਹਾਡੇ ਸਵਾਲਾਂ ਦਾ ਜਵਾਬ ਦੇਣਗੇ ਅਤੇ ਤੁਹਾਡੇ ਆਸ ਪਾਸ ਦੀਆਂ ਹੋਰ ਸਹਿਯੋਗੀ ਸੇਵਾਵਾਂ ਕੋਲ ਜਾਣ ਬਾਰੇ ਵੀ ਸਲਾਹ ਦੇ ਸਕਦੇ ਹਨ।

**1800 737 732** 'ਤੇ ਫੋਨ ਕਰੋ ਜਾਂ 1800 RESPECT ਦੀ ਵੈਬਸਾਇਟ ਤੇ ਜਾਓ **www.1800RESPECT.org.au.**

## ਕੀ ਤੁਹਾਨੂੰ ਦੁਭਾਸ਼ਿਏ ਦੀ ਲੋੜ ਹੈ?

ਅਨੁਵਾਦ ਅਤੇ ਦੁਭਾਸ਼ਿਆ ਸੇਵਾ (**Translating and Interpreting Service** (TIS) )ਨਾਲ **131 450** ਤੇ ਮੁਫ਼ਤ ਵਿੱਚ ਗੱਲ ਕਰੋ। TIS ਹੋਰ ਸੇਵਾਵਾਂ ਨਾਲ ਗੱਲ ਕਰਾਉਣ ਵਿੱਚ ਵੀ ਤੁਹਾਡੀ ਮਦਦ ਕਰ ਸਕਦਾ ਹੈ।TIS ਸਲਾਹ ਸਹਿਯੋਗ ਪ੍ਰਦਾਨ ਨਹੀਂ ਕਰਦਾ ਹੈ।